# ਭਾਈ ਵੀਰ ਸਿੰਘ ਸਚਖੰਡ ਪਿਆਨਾ ਦਿਵਸ : ਝਲਕੀਆਂ




ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ ਪੁਰਾਤਨ ਤੰਤੀ ਸਾਜ ਰਬਾਬ ਨਾਲ ਕੀਰਤਨ ਦੀ ਸੇਵਾ ਨਿਬਾਹੁੰਦੇ ਹੋਏ।




ਸਰਦਾਰਨੀ ਗੁਰਸ਼ਰਨ ਕੌਰ ਭਾਈ ਸਾਹਿਬ ਦੇ ਸਚਖੰਡ ਪਿਆਨਾ ਦਿਵਸ ਤੇ ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁਲ ਭੇਟ ਕਰਦੇ ਹੋਏ।




ਸਿੱਖ ਧਰਮ ਦੇ ਕੇਂਦਰੀ-ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਰਾਇ ਸਿੰਘ ਅਤੇ ਸਾਥੀ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਦੇ ਹੋਏ।




ਇਤਿਹਾਸਕ ਅਸਥਾਨ ਗੁਰਦੁਆਰਾ ਬੰਗਲਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਿੰਦਰ ਸਿੰਘ ਦਾ ਜੱਥਾ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ।



ਵਿਦਿਆਰਥੀ ਸ੍ਰੀ ਰਾਜਨ, ਜਿਸ ਨੂੰ ਐਮ.ਏ. ਪੰਜਾਬੀ ਕਰਵਾਉਣ ਲਈ ਸਦਨ ਨੇ ਦੋ ਸਾਲ ਵਜ਼ੀਫ਼ਾ ਦਿੱਤਾ, ਦਾ ਪੁਸਤਕਾਂ ਦੇ ਸੈਟ ਨਾਲ ਸਨਮਾਨ ਕਰਦੇ ਹੋਏ ਸਰਦਾਰਨੀ ਗੁਰਸ਼ਰਨ ਕੌਰ। ਸਦਨ ਰਾਜਨ ਦੇ ਐਮ.ਏ. ਪੰਜਾਬੀ 'ਚ ਵਧੇਰੇ ਅੰਕ ਹਾਸਲ ਕਰਨ ਤੇ ਖੁਸ਼ੀ ਦਾ ਇਜ਼ਹਾਰ ਕਰਦਾ ਹੈ।



ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ, ਪੰਜਾਬੀ ਭਾਸ਼ਾ ਦੀ ਸੇਵਾ 'ਚ ਉੱਘਾ ਯੋਗਦਾਨ ਦੇਣ ਵਾਲੇ ਸ੍ਰੀ ਐਨ.ਆਰ. ਗੋਇਲ ਤੋਂ ਸਨਮਾਨ ਹਾਸਲ ਕਰਦੇ ਹੋਏ ਅਤੇ ਸਰਦਾਰਨੀ ਤਜਿੰਦਰ ਕੌਰ ਧੀਰ ਡਾ. ਪੁਨੀਤਾ ਸਿੰਘ ਤੋਂ ਸਨਮਾਨ ਹਾਸਲ ਕਰਦੇ ਹੋਏ।

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਭਾਈ ਵੀਰ ਸਿੰਘ ਜੀ ਦਾ 61ਵਾਂ ਸਚਖੰਡ ਪਿਆਨਾ ਦਿਵਸ ਮਨਾਇਆ ਗਿਆ

ਨਵੀਂ ਦਿੱਲੀ, 10 ਜੂਨ 2018 : ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਭਾਈ ਵੀਰ ਸਿੰਘ ਸਟੱਡੀ ਸਰਕਲ ਵਲੋਂ ਸਦਨ ਵਿਖੇ ਭਾਈ ਸਾਹਿਬ ਦਾ 61ਵਾਂ ਸਚਖੰਡ ਪਿਆਨਾ ਦਿਵਸ ਬੜੇ ਸ਼ਰਧਾ ਤੇ ਅਦਬ ਸਹਿਤ ਮਨਾਇਆ ਗਿਆ। ਇਸ ਮੌਕੇ ਬੋਲਦਿਆਂ ਡਾ. ਮਨਮੋਹਨ ਸਿੰਘ ਦੀ ਸੁਪਤਨੀ ਸਰਦਾਰਨੀ ਗੁਰਸ਼ਰਨ ਕੌਰ ਨੇ ਭਾਈ ਵੀਰ ਸਿੰਘ ਜੀ ਦੀ ਦੇਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਨਾਂ ਤੇ ਕਾਇਮ ਹੋਏ ਸਦਨ ਦੇ ਉਪਰਾਲਿਆਂ ਦੀ ਪ੍ਰਸੰਸਾ ਕਰਦਿਆਂ ਆਪਣੇ ਆਪ ਨੂੰ ਇਥੇ ਆਉਣ ਨੂੰ ਵਡਭਾਗਾ ਦੱਸਿਆ। ਉਨ੍ਹਾਂ ਕਾਮਨਾ ਕੀਤੀ ਕਿ ਉਹ ਹਰ ਸਮਾਗਮ 'ਚ ਆਉਣ ਤੇ ਕੀਰਤਨ ਦਾ ਆਨੰਦ ਮਾਣਨ।

ਸਮਾਗਮ ਦਾ ਆਰੰਭ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ, ਮਹਿਰੌਲੀ ਦੇ ਵਿਦਿਆਰਥੀਆਂ ਨੇ ਸਹਿਜ ਪਾਠ ਦੇ ਭੋਗ ਤੇ ਕੀਰਤਨ ਰਾਹੀਂ ਹੋਇਆ। ਉਪਰੰਤ ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ 'ਠਹਿਰ ਜਾਈਂ ਠਹਿਰ ਜਾਈਂ ਰੱਬ ਦੇ ਸਵਾਰਿਆ' ਦਾ ਗਾਇਨ ਕੀਤਾ। ਸਰਦਾਰਨੀ ਤਜਿੰਦਰ ਕੌਰ ਧੀਰ ਨੇ ਭਾਈ ਸਾਹਿਬ ਦੀ ਰਚਨਾ *ਅਸ਼ਟ ਗੁਰ ਚਮਤਕਾਰ ਭਾਗ-2* 'ਚੋਂ 'ਭਾਈ ਕਲਿਯਾਣਾ' ਦਾ ਪ੍ਰਸੰਗ ਸੰਗਤਾਂ ਨੂੰ ਸਰਵਣ ਕਰਾਇਆ। ਰਾਗੀ ਭਾਈ ਸਤਿੰਦਰ ਸਿੰਘ ਦੇ ਕੀਰਤਨ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਪਹੁੰਚੇ ਰਾਗੀ ਭਾਈ ਰਾਇ ਸਿੰਘ ਦੇ ਜਥੇ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸਰਦਾਰਨੀ ਗੁਰਸ਼ਰਨ ਕੌਰ ਨੇ ਸਦਨ ਦੀਆਂ ਪ੍ਰਕਾਸ਼ਨਾਵਾਂ — **ਕਸ਼ਮੀਰ-ਟੁਕੜੀ ਜਗ ਤੋਂ ਨਿਆਰੀ** (ਕਾਫੀਟੇਬਲ ਬੁਕ), **ਗੁਰ ਬਾਲਮ ਸਾਖੀਆਂ** (ਹਿੰਦੀ) ਅਤੇ **ਸਾਖੀ ਪੋਥੀ ਮਾਲਵਾ ਦੇਸ਼ ਰਟਨ ਦੀ** ਨੂੰ ਰਿਲੀਜ਼ ਕੀਤਾ ਅਤੇ ਇਸ ਦੀ ਇਕ-ਇਕ ਕਾਪੀ ਡਾ. ਧਰਮ ਸਿੰਘ ਅਤੇ ਸ. ਦਲੀਪ ਸਿੰਘ ਨੂੰ ਭੇਟ ਕੀਤੀ। ਉਨ੍ਹਾਂ ਸਪਤਾਹਕ **ਖਾਲਸਾ ਸਮਾਚਾਰ** ਦਾ ਵਿਸ਼ੇਸ਼ ਅੰਕ ਵੀ ਰੀਲੀਜ਼ ਕੀਤਾ ਅਤੇ ਇਸ ਦੀ ਇਕ ਇਕ ਕਾਪੀ ਬੀਬੀ ਹਰਬੰਸ ਕੌਰ, ਬੀਬੀ ਰਾਜਿੰਦਰ ਕੌਰ ਬਾਲੀ, ਬੀਬੀ ਕੁਸ਼ਲ ਗੁਰਪ੍ਰੀਤ ਕੌਰ, ਬੀਬੀ ਕੰਵਲ ਉਪਲ ਅਤੇ ਬੀਬੀ ਕੰਚਨ ਸਿੰਘ ਨੂੰ ਦਿੱਤੀ। ਇਸ ਮੌਕੇ ਐਮ.ਏ. ਪੰਜਾਬੀ 'ਚ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਸ੍ਰੀ ਰਾਜਨ (ਜਿਨਾਂ ਦੀ ਅੱਖਾਂ ਦੀ ਰੌਸ਼ਨੀ ਬਹੁਤ ਮੱਧਮ ਹੈ) ਨੂੰ ਪੁਸਤਕਾਂ ਦੇ ਸੈੱਟ ਨਾਲ ਸਨਮਾਨਿਤ ਕੀਤਾ ਗਿਆ। ਉਪਰੰਤ ਭਾਈ ਸਾਹਿਬ ਦੀਆਂ ਕਸ਼ਮੀਰ ਤੇ ਅਧਾਰਿਤ ਕਵਿਤਾਵਾਂ ਤੇ ਤਿਆਰ ਕੀਤੀ ਸਚਿੱਤਰ ਪੁਸਤਕ 'ਕਸ਼ਮੀਰ-ਟੁਕੜੀ ਜਗ ਤੋਂ ਨਿਆਰੀ' (ਮੂਲ ਪੰਜਾਬੀ ਅਤੇ ਅੰਗਰੇਜ਼ੀ ਅਨੁਵਾਦ ਸਹਿਤ) ਤੇ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਰਾਹੀਂ ਪਾਵਰ ਪੁਆਇੰਟ ਪੇਸ਼ਕਾਰੀ ਦਿੱਤੀ ਗਈ ਜਿਸ ਨੂੰ ਸੰਗਤਾਂ ਨੇ ਬਹੁਤ ਹੀ ਰੁਚੀ ਸਹਿਤ ਵੇਖਿਆ। ਅਨੰਦ ਸਾਹਿਬ ਦੇ ਪਾਠ, ਅਰਦਾਸ, ਹੁਕਮਨਾਮੇ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਿਆ। ਵੱਡੀ ਗਿਣਤੀ 'ਚ ਸੰਗਤਾਂ ਨੇ ਭਾਈ ਸਾਹਿਬ ਦੇ 61ਵੇਂ ਸਚਖੰਡ ਪਿਆਨਾ ਦਿਵਸ 'ਚ ਹਾਜ਼ਰੀ ਭਰੀ ਤੇ ਇਸ ਮੌਕੇ ਲਾਈ ਪ੍ਰਦਰਸ਼ਨੀ ਨੂੰ ਵੀ ਵੇਖਿਆ। ❏ ❏



**ਸਰਦਾਰਨੀ ਗੁਰਸ਼ਰਨ ਕੌਰ ਸਦਨ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਅਤੇ *ਖਾਲਸਾ ਸਮਾਚਾਰ* ਦਾ ਵਿਸ਼ੇਸ਼ ਅੰਕ ਰੀਲੀਜ਼ ਕਰਦੇ ਹੋਏ। ਨਾਲ (ਸੱਜਿਓਂ) ਜਨਰਲ ਜੋਗਿੰਦਰ ਸਿੰਘ, ਡਾ. ਨੀਨਾ ਪੁਰੀ, ਡਾ. ਧਰਮ ਸਿੰਘ, ਡਾ. ਰਘਬੀਰ ਸਿੰਘ, ਸ. ਹਰਚਰਨ ਸਿੰਘ ਨਾਗ ਅਤੇ ਸ. ਦਲੀਪ ਸਿੰਘ।**